International Journal of Leading Research Publication (IJLRP)

E-ISSN: 2582-8010 ● Website: www.ijlrp.com ● Email: editor@ijlrp.com

# ਕੋਠੇ ਖੜਕ ਸਿੰਘ ਨਾਵਲ ਵਿੱਚ ਰਿਸ਼ਤਾ-ਨਾਤਾ ਪ੍ਰਬੰਧ

**Mr. Soni**

Assistant professor
Punjabi

ਸਾਹਿਤ ਨੂੰ ਸਮਾਜ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਹਰੇਕ ਸਾਹਿਤਕਾਰ ਸਮਾਜ ਤੋਂ ਸਮੱਗਰੀ ਲੈਂਦਾ ਹੈ। ਸਮਾਜ ਵਿੱਚ ਬਹੁਤ ਸਾਰੀਆਂ ਘਟਨਾਵਾਂ ਬਿਖਰੀਆਂ ਪਈਆਂ ਹੁੰਦੀਆਂ ਹਨ। ਲੇਖਕ ਉਹਨਾਂ ਘਟਨਾਵਾਂ ਵਿੱਚੋਂ ਕੁਝ ਦੀ ਚੋਣ ਕਰਕੇ ਉਹਨਾਂ ਨੂੰ ਵਿਉਂਤਬੱਧ ਤਰੀਕੇ ਨਾਲ ਇੱਕ ਤਰਤੀਬ ਵਿੱਚ ਰੱਖਦਾ ਹੈ। ਇਹਨਾਂ ਤਕਨੀਕਾਂ ਜਾਂ ਵਿਉਂਤਾਂ ਰਾਹੀਂ ਵਸਤੂ ਦੀ ਤਰਤੀਬਬੱਧਤਾ ਨਾਲ ਸਾਹਿਤਕ ਰੂਪ ਹੋਂਦ ਵਿੱਚ ਆਉਂਦਾ ਹੈ। ਇਸ ਤਰ੍ਹਾਂ ਸਾਹਿਤ ਤੇ ਸਮਾਜ ਦਾ ਜਟਿਲ ਸੰਬੰਧ ਹੁੰਦਾ ਹੈ। ਸਾਹਿਤ ਸਮਾਜਿਕ ਜੀਵਨ ਦੇ ਸੱਭਿਆਚਾਰ, ਲੋਕਧਾਰਾ, ਰਸਮਾਂ ਰੀਤਾਂ, ਆਚਾਰ ਵਿਹਾਰ, ਕਦਰਾਂ ਕੀਮਤਾਂ ਅਤੇ ਆਰਥਿਕ ਸੰਗਠਨਾਂ ਆਦਿ ਨੂੰ ਆਪਣੇ ਵਿੱਚ ਸਮੋਈ ਰੱਖਦਾ ਹੈ। ਸਾਹਿਤ ਦਾ ਹਰੇਕ ਰੂਪ ਹੀ ਮਨੁੱਖੀ ਜੀਵਨ ਦੀ ਪੇਸ਼ਕਾਰੀ ਕਰਦਾ ਹੈ ਪਰ ਨਾਵਲ ਮਨੁੱਖੀ ਜੀਵਨ ਦੇ ਜਿਆਦਾ ਨੇੜੇ ਦਾ ਰੂਪ ਹੈ। "ਡੌਰਥੀ ਵਾਨ ਗ੍ਰੈਂਟ ਨੇ ਨਾਵਲ ਨੂੰ ਆਮ ਬੰਦਿਆਂ ਦੀ ਦੁਨੀਆਂ ਵਰਗੀ ਹੀ ਦੁਨੀਆਂ' ਕਿਹਾ ਹੈ।"[1] ਇਸ ਤਰ੍ਹਾਂ ਜੋਗਿੰਦਰ ਸਿੰਘ ਰਾਹੀ ਨਾਵਲ ਬਾਰੇ ਲਿਖਦੇ ਹਨ ਕਿ "ਵਿਧਾ ਦੇ ਜਾਵੀਏ ਤੋਂ ਨਾਵਲ ਇਕ ਲੰਮੀ ਗਦ-ਕਥਾ ਦੇ ਰੂਪ ਵਿਚ ਯਥਾਰਥ ਦੇ ਚਿਤ੍ਰਣ ਨਾਲ ਸਬੰਧਿਤ ਸੰਭਾਵਨਾਵਾਂ ਵਾਲਾ ਰੂਪ ਹੈ।"[2] ਉਕਤ ਧਾਰਨਾਵਾਂ ਸਹਿਮਤ ਹੁੰਦਿਆਂ ਕਿਹਾ ਜਾ ਸਕਦਾ ਹੈ ਕਿ ਨਾਵਲ ਸਮਾਜਿਕ ਜੀਵਨ ਵਰਗੀ ਹੀ ਚੀਜ ਹੈ। ਸਮਾਜਿਕ ਜੀਵਨ ਵਿੱਚ ਮਨੁੱਖ ਕਿਰਿਆ ਕਰ ਰਹੇ ਹੁੰਦੇ ਹਨ ਅਤੇ ਨਾਵਲ ਵਿੱਚ ਪਾਤਰ ਮਨੁੱਖ ਦਾ ਰੋਲ ਨਿਭਾਉਂਦੇ ਹਨ।

ਅਸੀਂ ਜੇਕਰ ਮਨੁੱਖੀ ਇਤਿਹਾਸ ਨੂੰ ਦੇਖਦੇ ਹਾਂ ਤਾਂ ਮਨੁੱਖ ਹਮੇਸ਼ਾ ਇਕ ਕੜੀ ਦੇ ਰੂਪ ਵਿੱਚ ਇਕ ਦੂਜੇ ਨਾਲ ਬੰਨਿਆ ਰਿਹਾ ਹੈ। ਇਹ ਕੜੀ ਨੇ ਹੀ ਉਸਦੇ ਰਿਸ਼ਤਿਆਂ ਨੂੰ ਜਨਮ ਦਿੱਤਾ ਹੈ। ਇਹਨਾਂ ਰਿਸ਼ਤਿਆਂ ਨੂੰ ਅਸੀਂ ਰਿਸ਼ਤਾ ਨਾਤਾ ਪ੍ਰਬੰਧ ਵਜੋਂ ਜਾਣਦੇ ਹਾਂ। ਰਿਸ਼ਤਾ ਨਾਤਾ ਪ੍ਰਬੰਧ ਸਮਾਜਿਕ ਜੀਵਨ ਦੇ ਪ੍ਰਬੰਧ ਦਾ ਕੇਂਦਰੀ ਧੁਰਾ ਹੈ। ਇਹ ਸਮੁੱਚੇ ਸਮਾਜਿਕ ਸੰਗਠਨ ਨੂੰ ਸਿਸਟਮ ਵਿੱਚ ਬੰਨ ਕੇ ਸਹੀ ਦਿਸ਼ਾ ਵਿੱਚ ਤੋਰਨ ਦਾ ਕੰਮ ਕਰਦਾ ਹੈ। ਔਰਤ ਤੇ ਮਰਦ ਦੇ ਆਪਸੀ ਸੰਬੰਧਾਂ ਰਾਹੀਂ ਰਿਸ਼ਤਾ ਨਾਤਾ ਪ੍ਰਬੰਧ ਹੋਂਦ ਵਿੱਚ ਆਉਂਦਾ ਹੈ। ਮਾਨਵ ਵਿਗਿਆਨੀ 'ਰਿਸ਼ਤਾ-ਨਾਤਾ ਪ੍ਰਬੰਧ' ਨੂੰ ਮਨੁੱਖ ਦੀ ਸਮਾਜਿਕ ਹੋਂਦ ਵਿਚ ਉਸ ਦੇ ਰਾਹੀਂ ਸਿਰਜੇ ਗਏ ਰਿਸ਼ਤਿਆਂ ਨੂੰ ਪ੍ਰਗਟਾਉਣ ਵਾਲਾ ਮੰਨਦੇ ਹਨ। ਰਿਸ਼ਤੇ ਸਿਰਜਣ ਦਾ ਆਧਾਰ ਪ੍ਰਮੁੱਖ ਰੂਪ ਵਿਚ ਪ੍ਰਕਿਰਤਕ, ਜੀਵ-ਵਿਗਿਆਨਕ, ਸਮਾਜਿਕ ਅਤੇ ਸਭਿਆਚਾਰਕ ਵਿਚੋਂ ਕੋਈ ਇਕ ਹੋ ਸਕਦਾ ਹੈ। ਇਸ ਸਮਾਜਿਕ ਤਾਣੇ ਬਾਣੇ ਦੇ ਰਿਸ਼ਤਾ ਨਾਤਾ ਪ੍ਰਬੰਧ ਨੂੰ ਸਮਾਜਿਕ, ਇਤਿਹਾਸਕ, ਧਾਰਮਿਕ, ਆਰਥਿਕ, ਰਾਜਨੀਤਿਕ, ਵਿਗਿਆਨ ਅਤੇ ਮਨੋਵਿਗਿਆਨ ਆਦਿ ਤੱਤਾਂ ਨੂੰ ਆਧਾਰ ਬਣਾ ਕੇ ਸਮਝ ਸਕਦੇ ਹਾਂ। ਰਿਸ਼ਤੇ ਨਾਤੇ ਪ੍ਰਬੰਧ

ਪਿੱਛੇ ਉਕਤ ਸਾਰੇ ਤੱਤ ਕਾਰਜਸ਼ੀਲ ਹੁੰਦੇ ਹਨ।

'ਕੋਠੇ ਖੜਕ ਸਿੰਘ' ਵਿਚ ਰਾਮ ਸਰੂਪ ਅਣਖੀ ਨੇ ਕਲਪਿਤ ਪਿੰਡ 'ਕੋਠੇ ਖੜਕ ਸਿੰਘ' ਵਿਚ ਬਦਲਦੇ 'ਰਿਸ਼ਤਾ-ਨਾਤਾ ਪ੍ਰਬੰਧ' ਦੀ ਪੇਸ਼ਕਾਰੀ ਬੜੇ ਯਥਾਰਥਕ ਢੰਗ ਨਾਲ ਕੀਤੀ ਹੈ। ਨਾਵਲ ਵਿਚ ਆਰਥਿਕਤਾ ਨੂੰ ਸਭਿਆਚਾਰਕ ਮੁੱਲਾਂ ਵਾਲੇ ਰਿਸ਼ਤੇ-ਨਾਤਿਆਂ ਤੇ

[1] ਉਦਰਿਤ, ਪ੍ਰੋ. ਜੋਗਿੰਦਰ ਸਿੰਘ ਰਾਹੀ, ਨਾਵਲ ਦੀ ਵਿਧਾ, ਜੋਗਿੰਦਰ ਸਿੰਘ ਨਹਿਰੂ, ਨਾਵਲ ਦੀ ਵਿਧਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ. 33

[2] ਉਹੀ, ਪੰਨਾ. 33

ਹਾਵੀ ਹੁੰਦਾ ਵਿਖਾਇਆ ਗਿਆ ਹੈ ਅਤੇ ਨਾਲ ਹੀ ਨਵੀਂ ਸੋਚ ਦੇ ਫਲਸਰੂਪ ਰਿਸ਼ਤਿਆਂ ਦੇ ਬਦਲਦੇ ਆਧਾਰਾਂ ਨੂੰ ਚਿਤਰਿਆ ਗਿਆ ਹੈ।

ਪੰਜਾਬੀ ਸਭਿਆਚਾਰ ਵਿਚ ਭਰਾ ਭਰਾ ਦਾ ਰਿਸ਼ਤਾ ਸਭ ਤੋਂ ਨੇੜਲਾ ਰਿਸ਼ਤਾ ਮੰਨਿਆ ਜਾਂਦਾ ਹੈ। ਭਰਾਵਾਂ ਦੀਆਂ ਮਾਨਵਵਾਦੀ ਸਾਝਾਂ ਪੂੰਜੀਵਾਦੀ ਕਦਰਾਂ-ਕੀਮਤਾਂ ਨੇ ਖ਼ਤਮ ਕਰ ਦਿੱਤੀਆਂ ਹਨ, ਜਿਹਨਾਂ ਨਾਲ ਸਿਰਫ਼ ਭਰਾਵਾਂ ਵਿਚ ਹੀ ਆਪਸੀ ਸ਼ਰੀਕੇਬਾਜੀ, ਮੁਕਾਬਲੇਬਾਜੀ ਤੇ ਖਹਿਬਾਜੀ ਵਧੀ ਹੈ। ਇਸੇ ਤਰ੍ਹਾਂ ਦੇਖਿਆ ਜਾਵੇ ਤਾਂ ਇਸ ਨਾਵਲ ਵਿੱਚ ਝੰਡਾ ਸਿੰਘ ਆਪਣੇ ਭਰਾ ਨਾਲੋਂ ਜ਼ਮੀਨ ਨੂੰ ਵੱਧ ਪਿਆਰੀ ਸਮਝਦਾ ਹੈ। ਮਾਲਵੇ ਵਿੱਚ ਮਾੜੀ ਆਰਥਿਕਤਾ ਦੇ ਕਾਰਨ ਦੋ, ਤਿੰਨ ਭਰਾਵਾਂ ਵਿੱਚੋਂ ਸਿਰਫ ਇਕ ਦਾ ਹੀ ਵਿਆਹ ਹੁੰਦਾ ਸੀ ਜਾਂ ਜਿਸਦਾ ਵਿਆਹ ਹੋਇਆ ਹੁੰਦਾ ਸੀ ਉਹ ਦੂਸਰਿਆਂ ਦੇ ਵਿਆਹ ਨਹੀਂ ਹੋਣ ਦਿੰਦਾ ਸੀ। ਇਸ ਕਰਕੇ ਝੰਡਾ ਸਿੰਘ ਆਪਣੇ ਭਰਾ ਦਾ ਵਿਆਹ ਨਹੀਂ ਹੋਣ ਦਿੰਦਾ। ਬਤੋਰ ਏ ਮਿਸਾਲ:

ਮਾਂ ਚਾਹੁੰਦੀ ਸੀ, ਅਰਜਣ ਨੂੰ ਵੀ ਸਾਕ ਹੋ ਜਾਵੇ। ਦੇਖਣ ਵਾਲੇ ਆਉਂਦੇ, ਮਾਂ ਉਹਨਾਂ ਦੀ ਪੂਰੀ ਖ਼ਾਤਰ ਸੇਵਾ ਕਰਵਾਉਂਦੀ। ਪਰ ਕਿਸੇ ਨ ਕਿਸੇ ਤਰ੍ਹਾਂ ਝੰਡਾ ਵਿਚ ਦੀ ਢੁੱਚਰ ਮਾਰ ਜਾਂਦਾ। ਹੱਸ ਕੇ ਆਖਦਾ, "ਅਜੇ ਤਾਂ ਲੰਡੇ-ਚੋਰ ਈ ਐ ਏਹੇ। ਕੀ ਪਤਾ ਸਾਧ ਈ ਬਣ ਜੇ। ਕੰਮ ਤਾਂ ਕੋਈ ਕਰਦਾ ਨੀ, ਕੁੜੀ ਦੇ ਕੇ ਕੋਈ ਕੀ ਕਰੂ ਇਹਨੂੰ। ਇਹ ਤਾਂ ਮੀਨ੍ਹਾ-ਮੀਨ੍ਹਾ ਮੱਲਾਂ ਨਾਲ ਗਿਆ ਨੀ ਮੁੜਦਾ, ਉਹ ਸਾਡੇ ਕੋਲ ਬੈਠੀ ਕਰਮਾਂ ਨੂੰ ਰੋਇਆ ਕਰੂ। ਗਹਾਂ ਥੋਡੀ ਮਰਜੀ ਐ।... ਮਾਂ ਨੂੰ ਪੁੱਛ ਲੋ, ਜੇ ਜੁਮਾ ਓਟਦੀ ਐ।" ਸਾਕ ਕਰਨ ਵਾਲੇ ਦੇ ਮਨ ਵਿਚ ਬੁਰੀ ਜਚ ਜਾਂਦੀ ਹੈ ਤੇ ਉਹ ਝੱਟ ਤਿਲਕ ਜਾਂਦਾ।

ਝੰਡਾ ਸਿੰਘ ਅਰਜਣ ਨੂੰ ਹਰਨਾਮੀ ਕੋਲ ਜਾਣ ਤੋਂ ਨਹੀਂ ਰੋਕਦਾ ਤੇ ਨਾ ਹੀ ਉਸ ਨੂੰ ਇਸ ਤੇ ਗੁੱਸਾ ਆਉਂਦਾ ਹੈ। ਆਪਣੀ ਘਰਵਾਲੀ ਨੂੰ ਵੀ ਇਸ ਬਾਰੇ 'ਡੂੰਘੀ ਸੋਚ' ਰੱਖਣ ਲਈ ਆਖਦਾ ਹੋਇਆ ਕਹਿੰਦਾ ਹੈ ਕਿ "ਮੁੰਡਾ-ਖੁੰਡੈ ਹੱਸ-ਖੇਡ ਲੈਣ ਦੇ। ਆਪਦਾ ਕੀ ਜਾਦੈ? ਕਿੰਨਾ ਕੁ ਖਰਾਬ ਕਰਦੂ ਘਰ? ਅੱਧ ਦਾ ਮਾਲਕ ਐ। ਇਕ ਦਿਨ ਸਾਰੀ ਦਾ ਮਾਲਕ ਤੇਰੇ ਪੁੱਤ ਨੇ ਹੀ ਈ ਬਣ ਜਾਣੈ। ਤੂੰ ਡੂੰਘੀ ਸੋਚ ਰੱਖ।"

ਇਸ ਦੇ ਨਾਲ ਹੀ ਪਿੰਡ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ, ਹਰਨਾਮੀ ਦਾ ਘਰ ਵਿਚ ਚੋਰੀ ਆਉਣਾ। ਝੰਡਾ ਸਿੰਘ ਇਨ੍ਹਾਂ ਗੱਲਾਂ ਨੂੰ ਜ਼ਮੀਨ ਪਿੱਛੇ ਹੱਸ ਕੇ ਟਾਲ ਦਿੰਦਾ ਹੈ। ਇਕ ਦਿਨ ਬਹੁਤੀ ਸ਼ਰਾਬ ਪੀਣ ਕਰਕੇ ਰਾਤ ਨੂੰ ਹੀ ਬਾਹਰ ਹਰਨਾਮੀ ਦੇ ਨਵੇਂ ਯਾਰ ਨਾਜ਼ਰ ਦੁਆਰਾ ਅਰਜਣ ਦਾ ਕਤਲ ਹੋ ਜਾਂਦਾ ਹੈ, ਅਖੀਰ ਵਿਚ ਝੰਡਾ ਸਿੰਘ ਇਸ ਥਾਂ ਵੀ ਕੰਜੂਸੀ ਵਰਤਦਾ ਹੈ। ਝੰਡਾ ਸਿੰਘ ਲੋਕਾਂ ਦੇ ਸਾਹਮਣੇ ਤਾਂ ਕਹਿ ਰਿਹਾ ਹੈ ਕਿ "ਭਰਾਵਾ ਤੂੰ ਇਹ ਕੀ ਕਰ ਲਿਆ।" ਪਰ ਜੇਕਰ ਪਿਛੋਕੜ ਵਿਚ ਜਾ ਕੇ ਵੇਖਿਆ ਜਾਵੇ ਤਾਂ ਇਹ ਸਭ ਕੁਝ ਕਰਾਉਣ ਦਾ ਜ਼ਿੰਮੇਵਾਰ ਝੰਡਾ ਸਿੰਘ ਹੀ ਹੈ ਕਿਉਂਕਿ ਉਸ ਨੂੰ ਅਰਜਣ ਦੀ ਜ਼ਮੀਨ ਸਾਂਭਣ ਦੀ ਖੁਦਗਰਜੀ ਸੀ।

### ਪਤੀ-ਪਤਨੀ ਦੇ ਸੰਦਰਭ ਵਿਚ

ਪ੍ਰਵਾਇਤ ਰਿਸ਼ਤਿਆਂ ਵਿਚ ਪਤੀ-ਪਤਨੀ ਦਾ ਰਿਸ਼ਤਾ ਵਿਸ਼ੇਸ਼ ਵਰਣਨਯੋਗ ਹੈ। ਪਤੀ-ਪਤਨੀ ਦਾ ਰਿਸ਼ਤਾ ਕੇਂਦਰੀ ਰਿਸ਼ਤਾ ਹੈ, ਬਾਕੀ ਸਾਰੇ ਰਿਸ਼ਤੇ ਇਸ ਨਾਲ ਜੁੜੇ ਹੋਏ ਹਨ। ਸਮਾਜ, ਧਰਮ ਅਤੇ ਸਭਿਆਚਾਰ ਸਭ ਨੇ ਹੀ ਇਸ ਰਿਸ਼ਤੇ ਨੂੰ ਪ੍ਰਵਾਨਗੀ ਦਿੱਤੀ ਹੋਈ ਹੈ। ਇਹ ਰਿਸ਼ਤਾ ਸਮਾਜਿਕ ਮਰਿਯਾਦਾ ਵਿਚ ਵਿਆਹ ਦੀ ਰਸਮ ਉਪਰੰਤ ਸਿਰਜਿਆ ਜਾਂਦਾ ਹੈ। ਵਿਆਹ ਇਕ ਮਰਦ ਅਤੇ ਔਰਤ ਵਿਚਕਾਰ ਸਮਾਜਿਕ ਤੌਰ 'ਤੇ ਪ੍ਰਵਾਇਤ ਰਿਸ਼ਤਾ ਹੈ, ਜਿਸ ਵਿਚ ਆਰਥਿਕ ਮਿਲਵਰਤਨ, ਰਿਹਾਇਸ਼ ਤੇ ਸੰਭੋਗ ਦੀ ਵਿਵਸਥਾ ਹੈ, ਭਾਵ ਵਿਆਹ ਸਮੁੱਚੇ ਮਨੁੱਖੀ ਜੀਵਨ ਵਿਚ ਨਿਰੋਲ ਸੱਭਿਆਚਾਰਕ ਪੱਧਰ ਤੇ ਵਿਸ਼ੇਸ਼ ਸਮਾਜਿਕ ਬਣਤਰ ਦੇ ਸਮਾਨ ਨਵੀਨ ਰਿਸ਼ਤੇ

ਸਿਰਜਣ ਦਾ ਬੁਨਿਆਦੀ ਮਾਧਿਅਮ ਹੈ।[3] ਵਿਆਹ ਦੀ ਰਸਮ ਤੋਂ ਬਾਅਦ ਇਕ ਲੜਕੀ ਔਰਤ ਵਿਚ ਤਬਦੀਲ ਹੋ ਜਾਂਦੀ ਹੈ। ਉਹ ਇਕ ਮਰਦ ਦੀ ਪਤਨੀ ਬਣ ਜਾਂਦੀ ਹੈ ਅਤੇ ਪਤੀ ਦੇ ਰੂਪ ਵਿਚ ਉਹ ਮਰਦ ਉਸ ਦੇ ਸਭ ਤੋਂ ਨੇੜੇ ਹੁੰਦਾ ਹੈ। ਭਾਵੇਂ ਹਰੇਕ ਸਮਾਜ ਦੇ ਇਤਿਹਾਸਕ ਵਿਕਾਸ ਦੇ ਅਨੁਰੂਪ ਸਭਿਆਚਾਰਕ ਸਬੰਧਾਂ ਵਿਚ ਆਏ ਪਰਿਵਰਤਨਾਂ ਵਾਂਗ ਪਤੀ-ਪਤਨੀ ਦੇ ਸਬੰਧਾਂ ਦੇ ਸੁਭਾਅ ਅਤੇ ਰਿਸ਼ਤੇ ਨਾਲ ਸਬੰਧਿਤ ਕੀਮਤਾਂ ਵਿਚ ਵੀ ਪਰਿਵਰਤਨ ਹੁੰਦਾ ਆਇਆ ਹੈ ਪਰ ਇਸ ਵਿਚ ਬੁਨਿਆਦੀ ਪਰਿਵਰਤਨ ਨਹੀਂ ਆਇਆ। ਪ੍ਰਾਚੀਨ ਭਾਰਤੀ ਪਰੰਪਰਾ ਵਿਚ ਪਤਨੀ ਦਾ ਸਮਾਜਿਕ ਤੌਰ ’ਤੇ ਗੁਲਾਮੀ ਤੇ ਬੰਧਨ ਵਾਲਾ, ਆਗਿਆਕਾਰੀ ਪਤੀ ਪੂਜਕ ਸਥਾਨ ਨਿਸ਼ਚਿਤ ਸੀ, ਜਿਸ ਵਿਚ ਉਹ ਬਰਾਬਰੀ, ਪਿਆਰ ਅਤੇ ਸੁਤੰਤਰਤਾ ਤੋਂ ਵਿਰਵੀ ਸੀ। ਇਹੀ ਰਿਸ਼ਤਾ ਆਪਣੇ ਬਦਲਵੇਂ ਰੂਪ ਵਿਚ ਸਮੁੱਚੇ ਸਮਾਜਿਕ ਵਿਕਾਸ ਦੇ ਨਾਲ-ਨਾਲ ਅਜੋਕੇ ਸਮੇਂ ਤੱਕ ਪ੍ਰਧਾਨ ਰਿਹਾ ਹੈ। ਪੰਜਾਬੀ ਸਭਿਆਚਾਰ ਵਿਚ ਵੀ ਇਹ ਰਿਸ਼ਤਾ ਪਰੰਪਰਾਗਤ ਰਿਸ਼ਤੇ ਦਾ ਹੀ ਅਕਸ ਹੈ।

ਰਾਮ ਸਰੂਪ ਅਣਖੀ ਨੇ ਆਪਣੇ ਨਾਵਲ 'ਕੋਠੇ ਖੜਕ ਸਿੰਘ' ਵਿਚ ਪਤੀ-ਪਤਨੀ ਦੇ ਰਿਸ਼ਤੇ ਨੂੰ ਨਵੇਂ ਤੇ ਨਵੇਕਲੇ ਜਾਵੀਏ ਤੋਂ ਪੇਸ਼ ਕੀਤਾ ਹੈ ਜੋ ਜਾਗੀਰਦਾਰੀ ਸਮਾਜਿਕ ਸਭਿਆਚਾਰਕ ਮੁੱਲਾਂ ਦਾ ਤਿਆਗ ਕਰਕੇ ਉਨ੍ਹਾਂ ਦੀਆਂ ਧੱਜੀਆਂ ਉਡਾਉਂਦਾ ਪ੍ਰਤੀਤ ਹੁੰਦਾ ਹੈ। ਜੋਗਿੰਦਰ ਸਿੰਘ ਉਰਫ ਗਿੰਦਰ ਦੀ ਪਤਨੀ ਹਰਨਾਮੀ ਬਦਚਲਨ ਸਮਝੀ ਸ਼ਾਮੋ ਨਾਲ ਮੇਲਿਆਂ ਉਤੇ ਜਾ ਕੇ ਸ਼ਰਾਬ ਪੀਣ ਅਤੇ ਮਾਸ ਖਾਣ ਦੀਆਂ ਆਦਤਾਂ ਦਾ ਸ਼ਿਕਾਰ ਹੋ ਕੇ ਜਾਗੀਰਦਾਰੀ ਨੈਤਿਕਤਾ ਨੂੰ ਚੁਣੌਤੀ ਦਿੰਦੀ ਹੈ, ਗਿੰਦਰ ਨੇ ਉਹਦੇ ਸਿਰ ਉਤਲੇ ਦੁਪੱਟੇ ਦਾ ਲੜ ਫੜ ਕੇ ਸੁੰਘਿਆ ਅਤੇ ਕਹਿਣ ਲੱਗਾ, ਇਹ ਸ਼ਰਾਬ ਵਰਗਾ ਮੁਸ਼ਕ ਜਾ ਕਿਓ ਮਾਰਦੈ?
...ਐਵੇ ਲਗਦੈ ਤੈਨੂੰ। ਕਦੇ ਖਾਧੀ ਨਾ, ਪੀਤੀ ਨਾ, ਤੈਨੂੰ ਸ਼ਰਾਬ ਦਾ ਕੀ ਪਤੈ।[4]

ਹੰਡਿਆਏ ਪਿੰਡ ਦੇ ਰਹਿਣ ਵਾਲੀ ਹਰਨਾਮੀ ਦੋ ਭਰਾਵਾਂ ਦੀ ਇਕੱਲੀ ਇਕਹਿਰੀ ਭੈਣ ਸੀ ਸਿਰ ਤੇ ਮਾਂ-ਬਾਪ ਦਾ ਸਾਇਆ ਨਹੀਂ ਸੀ। ਵੱਡੇ ਭਰਾ ਆਪਣੀਆਂ ਕਬੀਲਦਾਰੀਆਂ ਵਿਚ ਖੁਭੇ ਹੋਏ ਸਨ। ਉਸ ਨੂੰ ਰੋਕਣ ਟੋਕਣ ਵਾਲਾ ਕੋਈ ਨਹੀਂ ਸੀ। ਬੇਫਿਕਰੀ ਤੇ ਮਸਤੀ ਦੇ ਆਲਮ ਵਿਚ ਉਹ ਆਪਣੇ ਹੀ ਪਿੰਡ ਦੇ ਰੰਡਵੇ ਆਦਮੀ ਦੁੱਲੇ ਝਿਊਰ ਨਾਲ ਕਾਮ ਸਬੰਧ ਜੋੜ ਲੈਂਦੀ ਹੈ ਜਿਸ ਦੇ ਵੇਰਵੇ ਸਾਨੂੰ ਨਾਵਲੀ ਬਿਰਤਾਂਤ ਵਿਚੋਂ ਮਿਲਦੇ ਹਨ:

ਫੇਰ ਤਾਂ ਦੁੱਲੇ ਦੇ ਘਰ ਪਹੁ ਪਾਟਦੀ ਨਾਲ ਹੀ ਚੁਲ੍ਹੇ ਦੀ ਅੱਗ ਦਾ ਚਾਨਣ ਦੇਖ ਕੇ ਹਰਨਾਮੀ ਆਪਣੇ ਘਰੋਂ ਉਠਦੀ। ਭਾਈ ਭਰਜਾਈਆਂ ਤਾਂ ਅਜੇ ਸੁੱਤੇ ਹੀ ਪਏ ਹੁੰਦੇ ਤੇ ਉਹ ਤੌੜਾ ਲੈ ਕੇ ਖੂਹ ਉਤੇ ਪਹੁੰਚ ਜਾਂਦੀ।[5]
ਅਣਖੀ ਨੇ ਨਾਵਲ ਵਿਚ ਇਸ ਤੱਥ ਨੂੰ ਹੋਰ ਪ੍ਰੋੜ ਕਰਦਿਆਂ ਇਹ ਵੀ ਦੱਸਿਆ ਹੈ ਕਿ ਹਰੇਕ ਔਰਤ ਦੇ ਮਨ ਵਿਚ ਇਕ ਆਦਰਸ਼ ਪੁਰਖ ਪਤੀ ਵਜੋਂ ਵਸਿਆ ਹੁੰਦਾ ਹੈ, ਜਿਹੜਾ ਉਸ ਦੇ ਸਰੀਰ ਅਤੇ ਰੂਹ ਦੀ ਤ੍ਰਿਪਤੀ ਕਰ ਸਕੇ। ਹਰਨਾਮੀ ਦੇ ਇਹ ਸ਼ਬਦ '**ਮੈਂ ਕੀ ਅੱਗ ਲਾਮਾ ਇਹਨੂੰ। ਚੱਜ ਦਾ ਨਾ ਹਾਲ ਦਾ। ਰਿੱਛ ਮੱਥੇ ਮਾਰਿਆ ਮੇਰੇ।**[6] ਇਸੇ ਧਾਰਨਾ ਦੇ ਲਖਾਇਕ ਹਨ ਪਰ ਜਾਗੀਰਦਾਰ/ਸਮਾਜ ਜੋੜੀਆਂ ਬਣਾਉਣ ਦੀ ਥਾਂ ਨਰੜ ਦਾ ਸਿਰਜਕ ਹੈ। ਸੁਰਜੀਤ ਗਿੱਲ ਅਨੁਸਾਰ, ਜਾਗੀਰਦਾਰੀ ਸਮਾਜ ਦੀ ਵਿਆਹ ਪ੍ਰਣਾਲੀ ਇਤਨੀ ਦੋਸ਼ੀ ਹੈ ਕਿ ਇਸ ਵਿਚ ਔਰਤ ਦੇ ਦਿਲ ਅਤੇ ਉਸ ਵਿਚਲੇ ਜਜ਼ਬਿਆਂ ਦਾ ਹਾਣੀ ਨਹੀਂ ਲੱਭਿਆ ਜਾ ਸਕਦਾ, ਨਾ ਹੀ ਉਸ ਨੂੰ ਹਾਣੀ

[3] Levi Strauss C., The Elementary Structure of Kindship, p. 490.
[4] ਰਾਮ ਸਰੂਪ ਅਣਖੀ, ਕੋਠੇ ਖੜਕ ਸਿੰਘ, ਪੰਨਾ. 19
[5] ਰਾਮ ਸਰੂਪ ਅਣਖੀ, ਕੋਠੇ ਖੜਕ ਸਿੰਘ, ਪੰਨਾ. 23
[6] ਰਾਮ ਸਰੂਪ ਅਣਖੀ, ਕੋਠੇ ਖੜਕ ਸਿੰਘ, ਪੰਨਾ. 48

ਲੱਭਣ ਦੀ ਖੁੱਲ੍ਹ ਦਿੱਤੀ ਜਾਂਦੀ ਹੈ। ਜਾਗੀਰਦਾਰੀ ਪ੍ਰਥਾ ਵਿਚ ਪਸ਼ੂਆਂ ਵਾਂਗ ਜੋੜੇ ਮੇਲੇ ਜਾਂਦੇ ਹਨ ਉਹ ਵੀ ਹਾਣ ਦੇਖ ਕੇ ਨਹੀਂ ਮਿਆਨ ਦੇਖ ਕੇ। ਸੋ ਨਾਵਲ ਵਿਚ ਪਤੀ-ਪਤਨੀ ਦੇ ਰਿਸ਼ਤੇ ਦੇ ਸੰਦਰਭ ਵਿਚ ਇਹੋ ਧਾਰਨਾ ਭਾਰੂ ਹੈ। ਹਰਨਾਮੀ ਦੀ ਕਾਮੁਕ ਬਿਰਤੀ ਵਧੇਰੇ ਉਲਾਰੂ ਹੋਣ ਕਾਰਨ ਸਾਂਵੇ ਪਤੀ-ਪਤਨੀ ਦੇ ਰਿਸ਼ਤੇ ਨੂੰ 'ਪਛਤਾਵੇ' ਦੀ ਪੱਧਰ ਤੱਕ ਅਸਾਂਵੇਪਣ ਵੱਲ ਲੈ ਜਾਂਦੀ ਜਿਥੇ ਇਸ ਦਾ ਕੋਈ ਵੀ ਹੱਲ ਸੰਭਵ ਨਹੀਂ।

ਨਾਵਲ 'ਕੋਠੇ ਖੜਕ ਸਿੰਘ' ਵਿਚ **ਪਿਉ-ਧੀ** ਦੇ ਰਿਸ਼ਤੇ ਨੂੰ ਚਿਤਰਦਿਆਂ ਰਾਮ ਸਰੂਪ ਅਣਖੀ ਦੱਸਦਾ ਹੈ ਕਿ ਰਿਸਾਲਦਾਰ ਕਰਮ ਸਿੰਘ ਫੌਜੀ ਦੇ ਪੁੱਤਰ ਮੱਲਣ ਸਿੰਘ ਦੀ ਜ਼ਿੰਦਗੀ ਖੁਸ਼ ਤੇ ਖੁਸ਼ਹਾਲ ਤੁਰੀ ਜਾ ਰਹੀ ਸੀ ਪਰ ਆਪਣੀਆਂ ਤਿੰਨ ਧੀਆਂ ਦੀ ਸ਼ਾਦੀ ਸਮੇਂ ਜਾਗੀਰਦਾਰੀ ਹਉਮੈ ਅਧੀਨ ਸ਼ਰੀਕਾਂ ਨੂੰ ਨੀਵਾਂ ਦਿਖਾਉਣ ਦੀ ਭਾਵਨਾ ਤਹਿਤ ਵਿੱਤੋਂ ਵੱਧ ਖਰਚ ਕਰਕੇ ਅਪਣੀ ਜ਼ਮੀਨ ਮੁਕੰਦੀ ਤੇ ਝੰਡੇ ਕੋਲ ਗਹਿਣੇ ਧਰ ਦਿੰਦਾ ਹੈ। ਸਮਾਜਿਕ ਤੌਰ 'ਤੇ ਆਪਣੇ ਆਪ ਨੂੰ 'ਉੱਚਾ' ਸਿੱਧ ਕਰਨ ਲਈ ਮੱਲਣ ਧੀਆਂ ਦੇ ਵਿਆਹਾਂ ਉਪਰ ਵੱਧ ਚੜ੍ਹ ਕੇ ਖਰਚ ਕਰਦਾ ਹੈ। ਭਾਵੇਂ ਕਿ ਲੜਕਾ ਛੋਟਾ ਹੋਣ ਕਾਰਨ ਮੱਲਣ ਪਰਿਵਾਰ ਵਿਚ ਕਮਾਉਣ ਵਾਲਾ ਇਕੱਲਾ ਹੈ ਪਰ ਫਿਰ ਵੀ ਆਪਣੇ ਸੀਰੀ ਤੇਜ ਨੂੰ ਇਹ ਕਹਿਣਾ 'ਮੁਸਲੀ ਅੰਨ੍ਹੀ ਕਰ ਦਿਆਂਗੇ' ਧੀਆਂ ਪ੍ਰਤਿ ਕੀਤੀ ਕੁਰਬਾਨੀ ਨੂੰ ਦਰਸਾਉਂਦਾ ਹੈ ਪਰ ਅੰਤ ਸਮੇਂ ਤੇ ਧੀਆਂ ਪਿਉ ਦੀ ਕੁਰਬਾਨੀ ਦਾ ਕੋਈ ਮੁੱਲ ਨਹੀਂ ਪਾਉਂਦੀਆਂ। ਧੀਆਂ ਮੱਲਣ ਦੇ ਪੁੱਤਰ ਬਲਕਾਰ ਦੀ ਮੌਤ ਤੋਂ ਬਾਅਦ ਮਾਂ-ਪਿਉ ਨੂੰ ਸਾਂਭਣ ਤੋਂ ਨਾਬਰ ਹੋ ਜਾਂਦੀਆਂ ਹਨ। ਅੰਤ ਸਮੇਂ ਤੇ ਲਾਲਚ ਦਾ ਸ਼ਿਕਾਰ ਹੋ ਕੇ ਮੱਲਣ ਦੀ ਜ਼ਮੀਨ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਵੇਚ ਜਾਂਦੀਆਂ ਹਨ। ਇਥੇ 'ਪੁੱਤ-ਕਪੁੱਤ' ਹੋਣ ਦੀ ਧਾਰਨਾ ਤਾਂ ਸੁਣਦੇ ਆਏ ਸੀ ਪਰ ਨਾਵਲ ਜਗਤ ਵਿਚ ਧੀਆਂ ਦੇ ਕੁਧੀ ਹੋਣ ਦੀ ਧਾਰਨਾ ਪ੍ਰਤੱਖ ਹੁੰਦੀ ਨਜ਼ਰ ਆਉਂਦੀ ਹੈ।

ਰਾਮ ਸਰੂਪ ਅਣਖੀ ਦੇ ਨਾਵਲ 'ਕੋਠੇ ਖੜਕ ਸਿੰਘ' ਵਿਚ ਭੈਣ-ਭਰਾ ਦੇ ਰਿਸ਼ਤੇ ਨੂੰ ਬੜੇ ਹੀ ਖੂਬਸੂਰਤ ਅਤੇ ਯਥਾਰਥਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਮੁੱਢਲੇ ਨਾਵਲੀ ਬਿਰਤਾਂਤ ਵਿਚ ਅਣਖੀ ਭੈਣ-ਭਰਾ ਦੇ ਰਿਸ਼ਤੇ ਨੂੰ ਰਵਾਇਤੀ ਕਦਰਾਂ ਕੀਮਤਾਂ ਨਾਲੋਂ ਟੁੱਟਿਆ ਹੋਇਆ ਵਿਖਾਉਂਦਾ ਹੈ। ਸਾਡੇ ਸਭਿਆਚਾਰ ਵਿਚ ਭੈਣ-ਭਰਾ ਦੇ ਰਿਸ਼ਤੇ ਦੇ ਸੰਦਰਭ ਵਿਚ ਭਰਾ ਨੂੰ ਭੈਣ ਦੀ ਹਰ ਪੱਖ ਤੋਂ ਸਹਾਇਤਾ ਅਤੇ ਹਿਫ਼ਾਜ਼ਤ ਕਰਨ ਵਾਲਾ ਮੰਨਿਆ ਜਾਂਦਾ ਹੈ। ਇਸ ਧਾਰਨਾ ਦੇ ਤਹਿਤ ਜਦੋਂ ਹਰਨਾਮੀ ਬਦਕਾਰੀ ਵਾਲੇ ਰਾਹ ਤੇ ਪੈ ਕੇ ਗਿੰਦਰ ਨੂੰ 'ਕੁਛ' ਖਵਾ ਦਿੰਦੀ ਹੈ ਤਾਂ ਅਰਜਣ ਤੇ ਹਰਨਾਮੀ ਦੇ ਸਬੰਧਾਂ ਤੋਂ ਅਣਜਾਣ ਸੰਤਾ ਸਿੰਘ ਗਿੰਦਰ ਦੇ ਠੀਕ ਹੋਣ ਦੀ ਕਾਮਨਾ ਕਰਦਾ ਹਰਨਾਮੀ ਨੂੰ ਹੌਂਸਲਾ ਦਿੰਦਾ ਹੈ:

ਨਾਮੋ, ਸਮਝ ਨਾਲ ਰਹੀਂ ਕੁੜੀਏ। ਗਿੰਦਰ ਸੂੰ ਠੀਕ ਹੋਜੂਗਾ। ਫਿਕਰ ਨਾ ਕਰੀਂ ਬਹੁਤਾ। ਘਰ ਨੂੰ ਸੰਭਾਲ ਤੂੰ।[7]

ਹਰਨਾਮੀ ਤੇ ਅਰਜਣ ਦੇ ਸਬੰਧਾਂ ਬਾਰੇ ਪਿੰਡ ਵਿਚ ਹੁੰਦੀ ਚਰਚਾ ਦੀ ਖਬਰ ਜਦੋਂ ਸੰਤਾ ਸਿੰਘ ਨੂੰ ਮਿਲਦੀ ਹੈ ਤਾਂ ਉਹ ਹਰਨਾਮੀ ਨੂੰ ਉਸ ਦੇ ਘਰ ਆ ਕੇ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਤੇ ਹਰਨਾਮੀ ਉਸ ਨੂੰ ਚੌਰ ਦਾੜ੍ਹੀਆ ਕਹਿੰਦੀ ਹੋਈ ਆਪਣੀਆਂ 'ਧੀਆਂ ਨੂੰ ਸੰਭਾਲਣ ਅਤੇ ਮੱਤਾਂ ਨਾ ਦੇਣ ਬਾਰੇ ਕਹਿੰਦੀ ਹੋਈ ਲੋਹੀ ਲਾਖੀ ਹੋ ਜਾਂਦੀ ਹੈ। ਹਰਨਾਮੀ ਦਾ ਭਰਾ ਸੰਤਾ ਉਸ ਨਾਲੋਂ ਸਦਾ ਸਦਾ ਲਈ ਸਬੰਧ ਤੋੜ ਕੇ ਘਰੋਂ ਤੁਰ ਜਾਂਦਾ ਹੈ,

ਚੰਗਾ ਕੁੜੀਏ, ਅਸੀਂ ਤੇਰੇ ਕੰਨੀਓਂ ਮਰਗੇ ਤੂੰ ਸਾਡੇ ਕੰਨੀਓਂ ਮਰਗੀ। [8]

---

[7] ਰਾਮ ਸਰੂਪ ਅਣਖੀ, ਕੋਠੇ ਖੜਕ ਸਿੰਘ, ਪੰਨਾ. 70

[8] ਉਹੀ, ਪੰਨਾ. 80

**ਦਿਉਰ ਭਰਜਾਈ ਦਾ ਰਿਸ਼ਤਾ-** ਅਣਖੀ ਦੇ ਨਾਵਲ ਵਿੱਚ ਭਰਜਾਈ ਦੇ ਰਿਸ਼ਤੇ ਦੇ ਪ੍ਰਸੰਗ ਵਿਚ ਬੰਤੋ ਅਤੇ ਅਰਜਣ ਦੇ ਸਬੰਧ ਵੀ ਪਰਿਵਾਰ ਵਿਚ ਇਸ ਤਰ੍ਹਾਂ ਪੈਦਾ ਹੁੰਦੇ ਹਨ ਕਿ ਇਸ ਦਾ ਲਾਭ ਬੰਤੋ ਨੂੰ ਹੁੰਦਾ ਹੈ ਅਤੇ ਅਰਜਣ ਦੀ ਮੌਤ ਹੁੰਦੀ ਹੈ। ਦਿਉਰ ਮੋਹ ਨਹੀਂ ਸਗੋਂ ਭੋਇੰ ਦਾ ਲਾਲਚ ਬੋਲਦਾ ਹੈ ਨਾਲ ਹੀ ਦਿਉਰ-ਭਰਜਾਈ ਦੇ ਰਿਸ਼ਤੇ ਵਿਚ ਆ ਰਹੀ ਅਨੈਤਿਕਤਾ ਦ੍ਰਿਸ਼ਟੀਗੋਚਰ ਹੋ ਰਹੀ ਹੈ। ਬੰਤੋ ਝੰਡਾ ਸਿੰਘ ਨਾਲ ਗੱਲਬਾਤ ਕਰਦੇ ਸਮੇਂ ਕਹਿੰਦੀ ਹੈ,
ਜਦੋਂ ਮੈਂ ਹੈਗੀ ਆ ਘਰੇਂ, ਇਹ ਉਸ ਕੰਜਰੀ ਨੂੰ ਕਿਉਂ ਸਦਦੈ, ਉਹ ਕਿਧਰਲੀ ਆਗੀ ਹੂਰਾਂ ਪਰੀ? ਉਹ ਤੋਂ ਤਾਂ ਬੇਰ ਲੈ ਕੇ ਖਾਣ ਨੂੰ ਜੀਅ ਨਾ ਕਰੇ ਕਿਸੇ ਦਾ।[9]

**ਸਿੱਟੇ-** 1. 'ਕੋਠੇ ਖੜਕ ਸਿੰਘ' ਵਿਚ ਰਾਮ ਸਰੂਪ ਅਣਖੀ ਨੇ ਕਲਪਿਤ ਪਿੰਡ 'ਕੋਠੇ ਖੜਕ ਸਿੰਘ' ਵਿਚ ਬਦਲਦੇ 'ਰਿਸ਼ਤਾ-ਨਾਤਾ ਪ੍ਰਬੰਧ' ਦੀ ਪੇਸ਼ਕਾਰੀ ਬੜੇ ਯਥਾਰਥਕ ਢੰਗ ਨਾਲ ਕੀਤੀ ਹੈ। ਨਾਵਲ ਵਿਚ ਆਰਥਿਕਤਾ ਨੂੰ ਸਭਿਆਚਾਰਕ ਮੁੱਲਾਂ ਵਾਲੇ ਰਿਸ਼ਤੇ-ਨਾਤਿਆਂ ਤੇ ਹਾਵੀ ਹੁੰਦਾ ਵਿਖਾਇਆ ਗਿਆ ਹੈ ਅਤੇ ਨਾਲ ਹੀ ਨਵੀਂ ਸੋਚ ਦੇ ਫਲਸਰੂਪ ਰਿਸ਼ਤਿਆਂ ਦੇ ਬਦਲਦੇ ਆਧਾਰਾਂ ਨੂੰ ਚਿਤਰਿਆ ਗਿਆ ਹੈ। ਪੰਜਾਬੀ ਸਭਿਆਚਾਰ ਵਿਚ ਭਰਾ ਭਰਾ ਦਾ ਰਿਸ਼ਤਾ ਸਭ ਤੋਂ ਨੇੜਲਾ ਰਿਸ਼ਤਾ ਮੰਨਿਆ ਜਾਂਦਾ ਹੈ। ਭਰਾਵਾਂ ਦੀਆਂ ਮਾਨਵਵਾਦੀ ਸਾਝਾਂ ਪੂੰਜੀਵਾਦੀ ਕਦਰਾਂ-ਕੀਮਤਾਂ ਨੇ ਖ਼ਤਮ ਕਰ ਦਿੱਤੀਆਂ ਹਨ, ਜਿਹਨਾਂ ਨਾਲ ਸਿਰਫ਼ ਭਰਾਵਾਂ ਵਿਚ ਹੀ ਆਪਸੀ ਸ਼ਰੀਕੇਬਾਜੀ, ਮੁਕਾਬਲੇਬਾਜੀ ਤੇ ਖਹਿਬਾਜੀ ਵਧੀ ਹੈ।

2. **ਪਿਉ-ਧੀ** ਦੇ ਰਿਸ਼ਤੇ ਨੂੰ ਚਿਤਰਦਿਆਂ ਰਾਮ ਸਰੂਪ ਅਣਖੀ ਦੱਸਦਾ ਹੈ ਕਿ ਰਿਸਾਲਦਾਰ ਕਰਮ ਸਿੰਘ ਫੌਜੀ ਦੇ ਪੁੱਤਰ ਮੱਲਣ ਸਿੰਘ ਦੀ ਜ਼ਿੰਦਗੀ ਖੁਸ਼ ਤੇ ਖੁਸ਼ਹਾਲ ਤੁਰੀ ਜਾ ਰਹੀ ਸੀ ਪਰ ਆਪਣੀਆਂ ਤਿੰਨ ਧੀਆਂ ਦੀ ਸ਼ਾਦੀ ਸਮੇਂ ਜਾਗੀਰਦਾਰੀ ਹਉਮੈ ਅਧੀਨ ਸ਼ਰੀਕਾਂ ਨੂੰ ਨੀਵਾਂ ਦਿਖਾਉਣ ਦੀ ਭਾਵਨਾ ਤਹਿਤ ਵਿੱਤੋਂ ਵੱਧ ਖਰਚ ਕਰਕੇ ਅਪਣੀ ਜ਼ਮੀਨ ਮੁਕੰਦੀ ਤੇ ਝੰਡੇ ਕੋਲ ਗਹਿਣੇ ਧਰ ਦਿੰਦਾ ਹੈ। ਸਮਾਜਿਕ ਤੌਰ ਤੇ ਆਪਣੇ ਆਪ ਨੂੰ 'ਉੱਚਾ' ਸਿੱਧ ਕਰਨ ਲਈ ਮੱਲਣ ਧੀਆਂ ਦੇ ਵਿਆਹਾਂ ਉਪਰ ਵੱਧ ਚੜ੍ਹ ਕੇ ਖਰਚ ਕਰਦਾ ਹੈ। ਭਾਵੇਂ ਕਿ ਲੜਕਾ ਛੋਟਾ ਹੋਣ ਕਾਰਨ ਮੱਲਣ ਪਰਿਵਾਰ ਵਿਚ ਕਮਾਉਣ ਵਾਲਾ ਇਕੱਲਾ ਹੈ ਪਰ ਫਿਰ ਵੀ ਆਪਣੇ ਸੀਰੀ ਤੇਜ ਨੂੰ ਇਹ ਕਹਿਣਾ 'ਮੁਸਲੀ ਅੰਨ੍ਹੀ ਕਰ ਦਿਆਂਗੇ' ਧੀਆਂ ਪ੍ਰਤਿ ਕੀਤੀ ਕੁਰਬਾਨੀ ਨੂੰ ਦਰਸਾਉਂਦਾ ਹੈ ਪਰ ਅੰਤ ਸਮੇਂ ਤੇ ਧੀਆਂ ਪਿਉ ਦੀ ਕੁਰਬਾਨੀ ਦਾ ਕੋਈ ਮੁੱਲ ਨਹੀਂ ਪਾਉਂਦੀਆਂ। ਧੀਆਂ ਮੱਲਣ ਦੇ ਪੁੱਤਰ ਬਲਕਾਰ ਦੀ ਮੌਤ ਤੋਂ ਬਾਅਦ ਮਾਂ-ਪਿਉ ਨੂੰ ਸਾਂਭਣ ਤੋਂ ਨਾਬਰ ਹੋ ਜਾਂਦੀਆਂ ਹਨ। ਅੰਤ ਸਮੇਂ ਤੇ ਲਾਲਚ ਦਾ ਸ਼ਿਕਾਰ ਹੋ ਕੇ ਮੱਲਣ ਦੀ ਜ਼ਮੀਨ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਵੇਚ ਜਾਂਦੀਆਂ ਹਨ। ਇਥੇ 'ਪੁੱਤ-ਕਪੁੱਤ' ਹੋਣ ਦੀ ਧਾਰਨਾ ਪ੍ਰਤੱਖ ਨਜ਼ਰ ਆਉਂਦੀ ਹੈ।

3. **ਪਤੀ ਪਤਨੀ ਦਾ ਰਿਸ਼ਤਾ** ਪ੍ਰਾਚੀਨ ਭਾਰਤੀ ਪਰੰਪਰਾ ਵਿਚ ਪਤਨੀ ਦਾ ਸਮਾਜਿਕ ਤੌਰ ਤੇ ਗੁਲਾਮੀ ਤੇ ਬੰਧਨ ਵਾਲਾ, ਆਗਿਆਕਾਰੀ ਪਤੀ ਪੂਜਕ ਸਥਾਨ ਨਿਸ਼ਚਿਤ ਸੀ ਜਿਸ ਵਿਚ ਉਹ ਬਰਾਬਰੀ, ਪਿਆਰ ਅਤੇ ਸੁਤੰਤਰਤਾ ਤੋਂ ਵਿਰਵੀ ਸੀ। ਇਹੀ ਰਿਸ਼ਤਾ ਆਪਣੇ ਬਦਲਵੇਂ ਰੂਪ ਵਿਚ ਸਮੁੱਚੇ ਸਮਾਜਿਕ ਵਿਕਾਸ ਦੇ ਨਾਲ ਨਾਲ ਅਜੋਕੇ ਸਮੇਂ ਤੱਕ ਪ੍ਰਧਾਨ ਰਿਹਾ ਹੈ। ਪੰਜਾਬੀ ਸਭਿਆਚਾਰ ਵਿਚ ਵੀ ਇਹ ਰਿਸ਼ਤਾ ਪਰੰਪਰਾਗਤ ਰਿਸ਼ਤੇ ਦਾ ਹੀ ਅਕਸ ਹੈ। ਅਣਖੀ ਨੇ ਨਾਵਲ ਵਿਚ ਇਸ ਤੱਥ ਨੂੰ ਹੋਰ ਪ੍ਰੋੜ ਕਰਦਿਆਂ ਇਹ ਵੀ ਦੱਸਿਆ ਹੈ ਕਿ ਹਰੇਕ ਔਰਤ ਦੇ ਮਨ ਵਿਚ ਇਕ ਆਦਰਸ਼ ਪੁਰਖ ਪਤੀ ਵਜੋਂ ਵਸਿਆ ਹੁੰਦਾ ਹੈ ਜਿਹੜਾ ਉਸ ਦੇ

[9] ਉਹੀ, ਪੰਨਾ. 55

ਸਰੀਰ ਅਤੇ ਰੂਹ ਦੀ ਤ੍ਰਿਪਤੀ ਕਰ ਸਕੇ। ਹਰਨਾਮੀ ਦੇ ਇਹ ਸ਼ਬਦ '**ਮੈਂ ਕੀ ਅੱਗ ਲਾਮਾ ਇਹਨੂੰ। ਚੱਜ ਦਾ ਨਾ ਹਾਲ ਦਾ। ਰਿੱਛ ਮੱਥੇ ਮਾਰਿਆ ਮੇਰੇ।** ਇਸੇ ਧਾਰਨਾ ਦੇ ਲਖਾਇਕ ਹਨ ਪਰ ਜਾਗੀਰਦਾਰ/ਸਮਾਜ ਜੋੜੀਆਂ ਬਣਾਉਣ ਦੀ ਥਾਂ ਨਰੜ ਦਾ ਸਿਰਜਕ ਹੈ।

੫. ਨਵੀਂ ਸੋਚ ਨਾਲ ਪੈਦਾ ਹੋਏ ਰਿਸ਼ਤਿਆਂ ਨੂੰ ਜਗੀਰਦਾਰੀ ਸੋਚ ਨੇ ਅਜੇ ਤੱਕ ਅਪਣਾਇਆ ਨਹੀਂ ਹੈ। ਪੂੰਜੀਵਾਦ ਨੇ ਸਮਾਜਿਕ ਕਦਰਾਂ ਕੀਮਤਾਂ ਵਿੱਚ ਬਦਲਾਅ ਜਰੂਰ ਲਿਆਂਦਾ ਹੈ ਪਰ ਜਾਤੀਵਾਦ ਦੀ ਹੱਦਾਂ ਨੂੰ ਘਟਾ ਨਹੀਂ ਸਕਿਆ ਸਗੋਂ ਉਹਨਾਂ ਨੂੰ ਹੋਰ ਗਹਿਰਾ ਕਰ ਦਿੱਤਾ ਹੈ। ਜਿਵੇਂ ਝੰਡਾਂ ਸਿੰਘ ਆਪਣੀ ਧੀ ਪਰਮਿੰਦਰ ਕੌਰ ਦੁਆਰਾ ਚੁਣੇ ਜੀਵਨ ਸਾਥੀ ਨੂੰ ਗੋਲੀ ਮਾਰ ਕੇ ਮਾਰ ਦਿੰਦਾ ਹੈ ਕਿਉਂਕਿ ਉਹ ਨਾਈ ਜਾਤ ਵਿੱਚ ਹੁੰਦਾ ਹੈ। ਤਾਂ ਇਹੋ ਜਿਹੀਆਂ ਘਟਨਾਵਾਂ ਸਾਨੂੰ ਸਮਾਜ ਵਿੱਚ ਆਮ ਵੇਖਣ ਨੂੰ ਮਿਲਦੀਆਂ ਹਨ।

ਇਸ ਤਰ੍ਹਾਂ ਅਸੀਂ ਸਮੁੱਚੇ ਤੌਰ 'ਤੇ ਆਖ ਸਕਦੇ ਹਾਂ ਕਿ ਪੂੰਜੀਵਾਦੀ ਕਦਰਾਂ ਕੀਮਤਾਂ ਦੇ ਉਥਾਨ ਨਾਲ ਜਗੀਰੂ ਕਦਰਾਂ ਕੀਮਤਾਂ ਤੇ ਰਿਸਤੇ ਨਾਤੇ ਪ੍ਰਬੰਧ ਨੂੰ ਢਾਹ ਲੱਗੀ ਹੈ। ਬੇਸੱਕ ਜਗੀਰੂ ਸਮਾਜ ਅਧੀਨ ਬਣਦੇ ਸਾਰੇ ਰਿਸ਼ਤੇ ਸਮਾਜਿਕ ਵਿਕਾਸ ਵਿਚ ਯੋਗਦਾਨ ਪਾਉਣ ਦੀ ਥਾਂ ਇਕ ਥਾਂ ਤੇ ਪਿਛਾਹ ਖਿਚੂ ਵੀ ਨਜ਼ਰੀ ਆਉਂਦੇ ਹਨ ਪਰ ਰਿਸਤਿਆਂ ਦਾ ਤਿੜਕਣਾ ਮਨੁੱਖ ਨੂੰ ਇਕੱਲਤਾ ਤੇ ਮਾਨਸਿਕ ਬਿਮਾਰੀਆਂ ਵੱਲ ਧੱਕ ਦਿੰਦਾ ਹੈ। ਇਸ ਪ੍ਰਕਾਰ ਰਾਮ ਸਰੂਪ ਅਣਖੀ ਦੇ ਉਪਰੋਕਤ ਨਾਵਲ ਦੀ ਅੱਜ ਦੇ ਸਮੇਂ ਵੀ ਸਾਰਥਕਤਾ ਬਣੀ ਹੋਈ ਹੈ।